# ਕੋਵਿਡ-19 ਦੇ ਦੌਰਾਨ ਆਪਣੇ ਭਾਈਚਾਰੇ ਨੂੰ ਸਿਹਤਮੰਦ ਅਤੇ ਸੁਰੱਖਿਅਤ

## ਰੱਖਦੇ ਹੋਏ ਜ਼ਿੰਮੇਵਾਰੀ ਨਾਲ ਖੇਡਣਾ।

ਲੋਕਾਂ ਦੀ ਸਿਹਤ ਅਤੇ ਸੁਰੱਖਿਆ ਜ਼ਰੂਰੀ ਹੈ। ਇਹ ਕਿਸੇ ਵੀ ਖੇਡ ਜਾਂ ਇਨਾਮ ਨਾਲੋਂ ਵਧੇਰੇ ਜ਼ਰੂਰੀ ਹੈ।

ਕੋਵਿਡ-19 ਤੋਂ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ, ਅਸੀਂ Everett (ਐਵਰੈਟ), Federal Way (ਫੈਡਰਲ ਵੇ), Spokane (ਸਪੋਕੇਨ), Vancouver (ਵੈਨਕੂਵਰ), ਅਤੇ Yakima (ਯਾਕਿਮਾ) ਵਿੱਚ ਆਪਣੇ ਖੇਤਰੀ ਦਫ਼ਦਰਾਂ ਨੂੰ ਬੰਦ ਕੀਤਾ ਹੈ। ਅਸੀਂ ਆਪਣੇ ਹਵਾਈ-ਅੱਡੇ ਅਤੇ ਮਾਲ ਸਟੋਰਾਂ, ਅਤੇ Olympia (ਓਲੰਪੀਆ) ਵਾਲੇ ਮੁੱਖ Lottery (ਲਾਟਰੀ) ਦੇ ਦਫ਼ਤਰ ਨੂੰ ਵੀ ਬੰਦ ਕੀਤਾ ਹੈ। ਇਹ ਸਿਰਫ ਅਸਥਾਈ ਤੌਰ 'ਤੇ ਹੈ।

ਤੁਸੀਂ ਹੁਣ ਵੀ Lottery (ਲਾਟਰੀ) ਖੇਡ ਸਕਦੇ ਹੋ। ਤੁਸੀਂ ਸਟੋਰਾਂ ਅਤੇ ਵੈਂਡਿੰਗ ਮਸ਼ੀਨਾਂ ਤੋਂ ਟਿਕਟਾਂ ਖਰੀਦ ਸਕਦੇ ਹੋ। ਤੁਹਾਨੂੰ ਟਿਕਟਾਂ ਸਿਰਫ ਦੂਜੀਆਂ ਚੀਜਾਂ ਦੀ ਖਰੀਦਦਾਰੀ ਕਰਨ ਵੇਲੇ ਹੀ ਖਰੀਦਣੀਆਂ ਚਾਹੀਦੀਆਂ ਹਨ।

ਜੇਤੂ ਸੁਰੱਖਿਅਤ ਤਰੀਕੇ ਨਾਲ ਆਪਣੇ ਇਨਾਮਾਂ ਨੂੰ ਕਲੇਮ ਕਰ ਸਕਦੇ ਹਨ। $600 ਤੋਂ ਘੱਟ ਦੇ ਜੇਤੂ ਲਾਟਰੀ ਦੀਆਂ ਟਿਕਟਾਂ ਵੇਚਣ ਵਾਲੇ ਸਟੋਰਾਂ 'ਤੇ ਆਪਣਾ ਇਨਾਮ ਪਾ ਸਕਦੇ ਹਨ। $601 ਤੋਂ $100,000 ਤੱਕ ਦੇ ਇਨਾਮਾਂ ਲਈ, ਖਿਡਾਰੀ ਜਿੱਤਣ ਵਾਲੀ ਲਾਟਰੀ ਟਿਕਟ ਨੂੰ Lottery (ਲਾਟਰੀ) ਨੂੰ ਡਾਕ ਰਾਹੀਂ ਭੇਜ ਸਕਦੇ ਹਨ। ਟਿਕਟਾਂ ਨੂੰ ਡਾਕ ਰਾਹੀਂ ਕਿਵੇਂ ਭੇਜਣਾ ਹੈ, ਇਸ ਬਾਰੇ ਜਾਣਕਾਰੀ ਹੇਠਾਂ ਅਤੇ ਸਾਡੀ ਵੈੱਬਸਾਈਟ 'ਤੇ ਦਿੱਤੀ ਹੋਈ ਹੈ। ਤੁਹਾਨੂੰ ਡਾਕ ਰਾਹੀਂ ਭੇਜਣ ਤੋਂ ਪਹਿਲਾਂ ਸਾਰੀਆਂ ਟਿਕਟਾਂ 'ਤੇ ਦਸਤਖਤ ਕਰਨੇ ਚਾਹੀਦੇ ਹਨ। $100,000 ਜਾਂ ਵੱਧ ਦੀਆਂ ਟਿਕਟਾਂ ਦੇ ਜੇਤਾਂ ਨੂੰ Olympia (ਓਲੰਪੀਆ) ਅਤੇ ਮੁੱਖ ਦਫ਼ਤਰ ਵਿੱਚ ਆਉਣ ਅਤੇ ਇਨਾਮ ਲੈਣ ਲਈ ਇੱਕ ਅਪਾਇੰਟਮੈਂਟ ਦਾ ਸਮਾਂ ਤੈਅ ਕਰਨ ਲਈ Lottery Headquarters (ਲਾਟਰੀ ਹੈਡਕੁਆਰਟਰ) ਨੂੰ ਕਾਲ ਕਰਨੀ ਚਾਹੀਦੀ ਹੈ।

Washington's Lottery ਖੇਡਣ ਲਈ ਤੁਹਾਡਾ ਧੰਨਵਾਦ। Washington ਰਾਜ ਵਿੱਚ ਕੋਵਿਡ-19 ਦੇ ਬਾਰੇ ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ Department of Health (ਸਿਹਤ ਵਿਭਾਗ) ਦੀ ਵੈੱਬਸਾਈਟ 'ਤੇ ਜਾਓ।

## ਅਕਸਰ ਪੁੱਛੇ ਜਾਣ ਵਾਲੇ ਸਵਾਲ 03.26.20 ਨੂੰ ਅਪਡੇਟ ਕੀਤੇ ਗਏ

**ਤੁਸੀਂ ਆਪਣੇ ਦਫ਼ਤਰਾਂ ਨੂੰ ਬੰਦ ਕਿਉਂ ਕਰ ਰਹੇ ਹੋ?**
Washington's Lottery ਨੇ ਸਾਡੇ ਦਫ਼ਤਰਾਂ ਨੂੰ ਇਸ ਲਈ ਬੰਦ ਕੀਤਾ ਹੈ ਤਾਂ ਜੋ ਜਨਤਾ ਅਤੇ ਸਾਡੇ ਕਰਮਚਾਰੀਆਂ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਅਸੀਂ ਆਪਣੇ ਹਵਾਈ-ਅੱਡੇ ਅਤੇ ਮਾਲ ਸਟੋਰਾਂ, ਸਾਰੇ ਖੇਤਰੀ ਦਫ਼ਤਰਾਂ (Everett (ਐਵਰੈਟ), Federal Way (ਫੈਡਰਲ ਵੇ), Spokane (ਸਪੋਕੇਨ), Vancouver (ਵੈਨਕੂਵਰ), ਅਤੇ Yakima (ਯਾਕਿਮਾ)), ਅਤੇ Olympia (ਓਲੰਪੀਆ) ਦੇ ਮੁੱਖ Lottery (ਲਾਟਰੀ) ਦਫ਼ਤਰ ਨੂੰ ਬੰਦ ਕਰ ਦਿੱਤਾ ਹੈ। ਇਹ ਸਿਰਫ ਅਸਥਾਈ ਤੌਰ 'ਤੇ ਹੈ।

**ਕੀ ਇਸ ਦਾ ਮਤਲਬ ਇਹ ਹੈ ਕਿ Washington's Lottery ਬੰਦ ਹੋਣ ਜਾ ਰਹੀ ਹੈ?**
ਨਹੀਂ। ਅਸੀਂ ਹੁਣ ਵੀ ਕੰਮ ਕਰ ਰਹੇ ਹਾਂ ਅਤੇ ਸਾਰੀਆਂ ਖੇਡਾਂ ਲਈ ਟਿਕਟਾਂ ਵੇਚ ਰਹੇ ਹਾਂ। ਇਨਾਮ ਪਹਿਲਾਂ ਵਾਂਗ ਹੀ ਕੱਢੇ ਜਾਂਦੇ ਹਨ।

**ਕੀ ਸਾਰੇ ਦਫ਼ਤਰ ਬੰਦ ਰਹਿਣਗੇ?**
ਸਾਰੇ ਖੇਤਰੀ ਦਫ਼ਤਰ ਅਤੇ ਮਾਲ ਅਤੇ ਏਅਰਪੋਰਟ ਸਟੋਰ ਬੰਦ ਹਨ। Olympia (ਓਲੰਪੀਆ) ਦਾ ਮੁੱਖ Lottery (ਲਾਟਰੀ) ਦਫ਼ਤਰ ਸਿਰਫ ਕਾਲਾਂ ਅਤੇ ਡਾਕ ਪੱਤਰਾਂ ਲਈ ਖੁੱਲ੍ਹਾ ਹੈ। ਲੋਕਾਂ ਲਈ ਇਹ ਬੰਦ ਹੈ।

**ਮੈਂ ਕੀ ਸੇਵਾਵਾਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?**
ਖੇਤਰੀ ਦਫ਼ਤਰ ਬੰਦ ਹੋਣ ਤਕ ਕੋਈ ਸੇਵਾਵਾਂ ਨਹੀਂ ਮੁਹੱਈਆ ਕਰਦੇ। ਖਿਡਾਰੀ ਟਿਕਟਾਂ ਦੇਖਣ ਅਤੇ ਲਾਟਰੀ ਦੀਆਂ ਟਿਕਟਾਂ ਵੇਚਣ ਵਾਲੇ ਸਟੋਰ ਲੱਭਣ ਲਈ Lottery (ਲਾਟਰੀ) ਦੀ ਮੋਬਾਈਲ ਐਪ ਅਤੇ ਵੈੱਬਸਾਈਟ ਦੀ ਵਰਤੋਂ ਕਰ ਸਕਦੇ ਹਨ। ਕੁਝ ਸਟੋਰਾਂ ਨੇ ਆਪਣੇ ਕੰਮ ਕਰਨ ਦੇ ਘੰਟੇ ਬਦਲ ਦਿੱਤੇ ਹਨ, ਤਾਂ ਖਿਡਾਰੀਆਂ ਨੂੰ ਸਟੋਰ ਦੇ ਕੰਮ ਕਰਨ ਦੇ ਘੰਟੇ ਦੇਖ ਲੈਣੇ ਚਾਹੀਦੇ ਹਨ। ਤੁਹਾਨੂੰ ਟਿਕਟਾਂ ਸਿਰਫ ਉਦੋਂ ਹੀ ਖਰੀਦਣੀਆਂ ਜਾਂ ਰਿਡੀਮ ਕਰਨੀਆਂ ਚਾਹੀਦੀਆਂ ਹਨ ਜਦੋਂ ਤੁਸੀਂ ਖਾਣ-ਪੀਣ ਦਾ ਸਮਾਨ ਜਾਂ ਗੈਸ ਵਰਗੀਆਂ ਚੀਜਾਂ ਖਰੀਦਣ ਲਈ ਬਾਹਰ ਆਏ ਹੋਵੋ। ਕਈ ਸਟੋਰ ਹੁਣ ਵੀ ਟਿਕਟਾਂ ਵੇਚਦੇ ਅਤੇ ਚੈੱਕ ਕਰਦੇ ਹਨ, ਅਤੇ $600 ਜਾਂ ਇਸ ਤੋਂ ਘੱਟ ਦੀ ਰਕਮ ਦੀਆਂ ਜੇਤੂ ਟਿਕਟਾਂ ਦਾ ਭੁਗਤਾਨ ਕਰਦੇ ਹਨ।

**ਕੀ Lottery (ਲਾਟਰੀ) ਹੁਣ ਵੀ ਇਨਾਮ ਕੱਢ ਰਹੀ ਹੈ?**
ਹਾਂ। ਤੁਸੀਂ ਸਾਡੀ ਮੋਬਾਈਲ ਐਪ ਜਾਂ ਵੈੱਬਸਾਈਟ 'ਤੇ ਮੌਜੂਦਾ ਜੈਕਪੌਟ, ਜੇਤੂ ਨੰਬਰ, ਅਤੇ ਇਨਾਮ ਕੱਢੇ ਜਾਣ ਦੀਆਂ ਤਰੀਕਾਂ ਦੇਖ ਸਕਦੇ ਹੋ।

**ਕੀ ਖੇਡਾਂ ਜਾਂ ਇਨਾਮ ਕੱਢਣ ਦੇ ਸਮਿਆਂ ਵਿੱਚ ਕੋਈ ਬਦਲਾਅ ਆਏ ਹਨ?**
ਇਸ ਸਮੇਂ ਕੋਈ ਬਦਲਾਅ ਨਹੀਂ ਹਨ।

**ਜੇਤੂ ਆਪਣੇ ਇਨਾਮ ਕਿੰਨੀ ਜਲਦੀ ਲੈ ਸਕਦੇ ਹਨ?**
Lottery (ਲਾਟਰੀ) ਸਟੋਰ $600 ਜਾਂ ਇਸ ਤੋਂ ਘੱਟ ਦੀਆਂ ਜੇਤੂ ਟਿਕਟਾਂ ਦਾ ਭੁਗਤਾਨ ਕਰਦੇ ਹਨ। ਸਟੋਰ ਇਹਨਾਂ ਟਿਕਟਾਂ ਦਾ ਭੁਗਤਾਨ ਉਸੇ ਸਮੇਂ ਕਰ ਦਿੰਦੇ ਹਨ, ਬਿਲਕੁਲ ਪਹਿਲਾਂ ਵਾਂਗ। ਖਿਡਾਰੀ $601 ਤੋਂ ਲੈ ਕੇ $100,000 ਦੀਆਂ ਜੇਤੂ ਟਿਕਟਾਂ ਨੂੰ ਡਾਕ ਰਾਹੀਂ ਕਲੇਮ ਕਰ ਸਕਦੇ ਹਨ। $100,000 ਜਾਂ ਇਸ ਤੋਂ ਵੱਧ ਦੀਆਂ ਟਿਕਟਾਂ ਵਾਲੇ ਜੇਤੂਆਂ ਨੂੰ ਖੁਦ ਆ ਕੇ ਇਨਾਮ ਕਲੇਮ ਕਰਨ ਵਾਸਤੇ ਅਪਾਇੰਟਮੈਂਟ ਲੈਣ ਲਈ Olympia (ਓਲੰਪੀਆ) ਦੇ ਮੁੱਖ Lottery (ਲਾਟਰੀ) ਦਫ਼ਤਰ ਨੂੰ ਕਾਲ ਕਰਨੀ ਚਾਹੀਦੀ ਹੈ। ਜੇਤੂਆਂ ਕੋਲ ਇਨਾਮ ਨੂੰ ਕਲੇਮ ਕਰਨ ਲਈ 180 ਦਿਨ ਹੋਣਗੇ। ਜੇਤੂ ਟਿਕਟ ਦੇ ਪਿਛਲੇ ਪਾਸੇ ਦਸਤਖਤ ਕਰਕੇ ਟਿਕਟ ਨੂੰ ਕਿਸੇ ਮਹਿਫੂਜ਼ ਜਗ੍ਹਾ 'ਤੇ ਰੱਖ ਸਕਦੇ ਹਨ ਜਦੋਂ ਤੱਕ ਸਾਡੇ ਖੇਤਰੀ ਦਫ਼ਤਰ ਨਹੀਂ ਖੁੱਲ੍ਹ ਜਾਂਦੇ।

**ਕੀ ਹੋਵੇਗਾ ਜੇਕਰ ਕੋਈ ਖਿਡਾਰੀ ਕੋਈ ਅਜਿਹਾ ਇਨਾਮ ਜਿੱਤ ਜਾਵੇ ਜਿਸ ਦਾ ਸਟੋਰ ਭੁਗਤਾਨ ਨਹੀਂ ਕਰ ਸਕਦਾ?**
Olympia (ਓਲੰਪੀਆ) ਦਾ ਮੁੱਖ Lottery (ਲਾਟਰੀ) ਦਫ਼ਤਰ ਡਾਕ ਰਾਹੀਂ ਭੇਜੀਆਂ ਜੇਤੂ ਟਿਕਟਾਂ ਦਾ ਭੁਗਤਾਨ ਕਰਦਾ ਹੈ। ਜੇਤੂਆਂ ਨੂੰ ਟਿਕਟ ਦੇ ਪਿਛਲੇ ਪਾਸੇ ਦਸਤਖਤ ਕਰਕੇ ਪਿੱਛੇ ਦਿੱਤੀਆਂ ਹਿਦਾਈਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਜੇਤੂਆਂ ਕੋਲ ਇਨਾਮ ਨੂੰ ਕਲੇਮ ਕਰਨ ਲਈ 180 ਦਿਨ ਹੋਣਗੇ। ਜੇਤੂ ਟਿਕਟ 'ਤੇ ਦਸਤਖਤ ਕਰਕੇ ਆਪਣੀ ਟਿਕਟ ਨੂੰ ਕਿਸੇ ਮਹਿਫੂਜ਼ ਜਗ੍ਹਾ 'ਤੇ ਰੱਖ ਸਕਦੇ ਹਨ ਜਦੋਂ ਤੱਕ ਸਾਡੇ ਖੇਤਰੀ ਦਫ਼ਤਰ ਨਹੀਂ ਖੁੱਲ੍ਹ ਜਾਂਦੇ। ਜੇਕਰ ਕਿਸੇ ਖਿਡਾਰੀ ਕੋਲ $100,000 ਜਾਂ ਵੱਧ ਦੀ ਜੇਤੂ ਟਿਕਟ ਹੈ, ਤਾਂ ਉਹ ਖੁਦ ਆ ਕੇ ਇਨਾਮ ਨੂੰ ਕਲੇਮ ਕਰਨ ਵਾਸਤੇ ਅਪਾਇੰਟਮੈਂਟ ਲੈਣ ਲਈ Olympia (ਓਲੰਪੀਆ) ਦੇ ਮੁੱਖ Lottery (ਲਾਟਰੀ) ਦਫ਼ਤਰ ਵਿੱਚ ਆ ਸਕਦੇ ਹਨ।

**ਜੇਤੂ ਟਿਕਟ ਨੂੰ ਡਾਕ ਰਾਹੀਂ ਭੇਜਣ ਦੀਆਂ ਕੀ ਹਿਦਾਇਤਾਂ ਹਨ?**
ਜੇਤੂਆਂ ਨੂੰ ਟਿਕਟ ਦੇ ਪਿੱਛੇ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਟਿਕਟਾਂ ਨੂੰ ਇਸ ਪਤੇ 'ਤੇ ਡਾਕ ਰਾਹੀਂ ਭੇਜਿਆ ਜਾ ਸਕਦਾ ਹੈ: Washington Lottery Headquarters, P.O. Box 43050, Olympia, WA 98504-3050. Lottery (ਲਾਟਰੀ) ਨੂੰ 180 ਦਿਨ ਦੀ ਸਮਾਂ ਸੀਮਾ ਤੋਂ ਪਹਿਲਾਂ ਟਿਕਟ ਮਿਲ ਜਾਣੀ ਚਾਹੀਦੀ ਹੈ। ਸਮਾਂ-ਸੀਮਾ ਦੇ ਖਤਮ ਹੋਣ ਦੇ ਨੇੜੇ ਦੀ ਤਰੀਕ ਨੂੰ ਡਾਕ ਰਾਹੀਂ ਟਿਕਟ ਭੇਜਣਾ ਸਹੀ ਨਹੀਂ ਹੈ।

**ਕੀ ਮੈਨੂੰ ਪ੍ਰਮਾਣਿਤ ਡਾਕ ਦੇ ਰਾਹੀਂ ਮੇਰੀ ਟਿਕਟ ਭੇਜਣੀ ਚਾਹੀਦੀ ਹੈ?**
ਤੁਸੀਂ ਪ੍ਰਮਾਣਿਤ ਡਾਕ ਦੇ ਰਾਹੀਂ ਟਿਕਟ ਭੇਜ ਸਕਦੇ ਹੋ ਪਰ ਇਸ ਦੀ ਲੋੜ ਨਹੀਂ ਹੈ, ਜੇਤੂਆਂ ਨੂੰ ਉਹਨਾਂ ਦੀ ਟਿਕਟ 'ਤੇ ਦਸਤਖਤ ਕਰਨੇ ਚਾਹੀਦੇ ਹਨ ਅਤੇ ਡਾਕ ਰਾਹੀਂ ਭੇਜਣ ਤੋਂ ਪਹਿਲਾਂ ਪਿਛਲਾ ਪਾਸਾ ਭਰਨਾ ਚਾਹੀਦਾ ਹੈ।

**ਕੀ ਮੈਨੂੰ ਮੇਰੀ ਜੇਤੂ ਟਿਕਟ ਡਾਕ ਰਾਹੀਂ ਭੇਜਣ ਤੋਂ ਪਹਿਲਾਂ ਉਸ ਦੀ ਤਸਵੀਰ ਲੈਣੀ ਚਾਹੀਦੀ ਹੈ?**
ਜੇਕਰ ਤੁਸੀਂ ਚਾਹੁੰਦੇ ਹੋ ਤਾਂ ਤੁਸੀਂ ਆਪਣੀ ਜੇਤੂ ਟਿਕਟ ਦੀ ਤਸਵੀਰ ਲੈ ਸਕਦੇ ਹੋ। ਤਹਾਡੇ ਕੋਲ ਇਨਾਮ ਜਿੱਤਣ ਲਈ ਅਸਲੀ ਟਿਕਟ ਹੋਣੀ ਚਾਹੀਦੀ ਹੈ।

**ਜੇਕਰ ਮੈਂ ਆਪਣੀ ਜੇਤੂ ਟਿਕਟ ਡਾਕ ਰਾਹੀਂ ਭੇਜਦਾ/ਦੀ ਹਾਂ, ਕੀ ਮੈਨੂੰ ਮੇਰੇ ਇਨਾਮ ਦੀ ਰਕਮ ਉਸੇ ਵੇਲੇ ਦੇ ਦਿੱਤੀ ਜਾਵੇਗੀ? ਜਾਂ ਫਿਰ ਕੀ ਮੈਨੂੰ ਤੁਹਾਡੇ ਦਫ਼ਤਰ ਖੁੱਲ੍ਹਣ ਦੀ ਉਡੀਕ ਕਰਨੀ ਪਵੇਗੀ?**
ਅਸੀਂ ਜੇਤੂ ਟਿਕਟਾਂ ਡਾਕ ਰਾਹੀਂ ਪ੍ਰੋਸੈਸ ਕਰਦੇ ਹਾਂ। ਉਸ ਵਿੱਚ ਕੋਈ ਬਦਲਾਅ ਨਹੀਂ ਆਇਆ ਹੈ।

**ਕੀ ਜੇਤੂ ਟਿਕਟ ਨੂੰ ਰਿਡੀਮ ਕਰਨ ਲਈ ਕੋਈ ਸਮਾਂ-ਸੀਮਾ ਹੈ?**
ਹਾਂ। Lottery (ਲਾਟਰੀ) ਨੂੰ ਇਨਾਮ ਕੱਢੇ ਜਾਣ ਦੀ ਤਰੀਕ (ਡ੍ਰਾ ਗੇਮਾਂ ਲਈ) ਜਾਂ ਗੇਮ ਦੇ ਬੰਦ ਹੋਣ (*ਸਕ੍ਰੈਚ*ਟਿਕਟਾਂ ਲਈ) ਦੇ 180 ਦਿਨਾਂ ਦੇ ਅੰਦਰ ਜੇਤੂ ਟਿਕਟਾਂ ਮਿਲ ਜਾਣੀਆਂ ਚਾਹੀਦੀਆਂ ਹਨ।

**ਤਾਂ ਕੀ ਹੋਵੇਗਾ ਜੇਕਰ ਮੇਰੇ ਕੋਲ ਇੱਕ ਜੇਤੂ ਟਿਕਟ ਹੈ ਜੋ 180 ਦਿਨ ਪੁਰਾਣੀ ਨਹੀਂ ਹੈ, ਪਰ ਜਦੋਂ ਤੁਸੀਂ ਡਾਕ ਪੱਤਰ ਨੂੰ ਖੋਲ੍ਹੋਗੇ ਤਾਂ ਉਸ ਨੂੰ 180 ਜਾਂ ਉਸ ਤੋਂ ਵੱਧ ਦਿਨ ਹੋ ਜਾਣਗੇ?**
Lottery (ਲਾਟਰੀ) ਨੂੰ ਜੇਤੂ ਟਿਕਟਾਂ ਸਮਾਂ-ਸੀਮਾ ਤੋਂ ਪਹਿਲਾਂ ਮਿਲ ਜਾਣੀਆਂ ਚਾਹੀਦੀਆਂ ਹਨ। ਜੇਕਰ ਸਮਾਂ-ਸੀਮਾ ਨੇੜੇ ਹੋਵੇ ਤਾਂ ਕਈ ਖਿਡਾਰੀ ਇੱਕ ਦਿਨ ਵਾਲੀ ਜਾਂ ਉਸੇ ਦਿਨ ਵਾਲੀ ਡਾਕ ਸੇਵਾ ਦੀ ਵਰਤੋਂ ਕਰਦੇ ਹਨ।

**ਕੀ ਤੁਸੀਂ 180 ਦਿਨ ਦੀ ਸਮਾਂ ਸੀਮਾ ਵਿੱਚ ਵਾਧਾ ਕਰ ਰਹੇ ਹੋ?**
ਇਸ ਬਦਲਾਅ ਲਈ ਅਪਾਤਕਾਲ ਨਿਯਮਾਂ ਦੀ ਜ਼ਰੂਰਤ ਹੋਵੇਗੀ। ਕਿਉਂਕਿ ਅਸੀਂ ਜੇਤੂ ਟਿਕਟਾਂ ਦਾ ਭੁਗਤਾਨ ਡਾਕ ਰਾਹੀਂ ਕਰਦੇ ਹਾਂ, ਇਸ ਲਈ ਅਸੀਂ 180 ਦਿਨ ਦੀ ਸਮਾਂ ਸੀਮਾ ਵਿੱਚ ਵਾਧਾ ਨਹੀਂ ਕਰਦੇ। ਹੋ ਸਕਦਾ ਹੈ ਕਿ ਅਸੀਂ ਬਾਅਦ ਵਿੱਚ ਇਸ ਫੈਸਲੇ ਨੂੰ ਬਦਲ ਦਈਏ।

**ਤੁਸੀਂ Lottery (ਲਾਟਰੀ) ਦੀਆਂ ਵੈਂਡਿੰਗ ਮਸ਼ੀਨਾਂ ਨੂੰ ਕਿਵੇਂ ਸਾਫ ਕਰ ਰਹੇ ਹੋ?**
Lottery (ਲਾਟਰੀ) ਦੀਆਂ ਵੈਂਡਿੰਗ ਮਸ਼ੀਨਾਂ ਦੀ ਸਫਾਈ ਸਟੋਰਾਂ ਵੱਲੋਂ ਕੀਤੀ ਜਾਣੀ ਚਾਹੀਦੀ ਹੈ। ਜਦੋਂ Lottery (ਲਾਟਰੀ) ਦੇ ਕਰਮਚਾਰੀ ਟਿਕਟਾਂ ਨੂੰ ਬਦਲਦੇ ਹਨ ਤਾਂ ਉਹ ਵੀ ਵੈਂਡਿੰਗ ਮਸ਼ੀਨਾਂ ਦੀ ਸਫਾਈ ਕਰਦੇ ਹਨ।

**ਕੀ WA Lottery (ਲਾਟਰੀ) ਮੋਬਾਈਲ ਐਪ ਕੰਮ ਕਰਨਾ ਅਤੇ ਨਿਯਮਤ ਤੌਰ 'ਤੇ ਅਪਡੇਟ ਹੋਣਾ ਜਾਰੀ ਰਹੇਗੀ?**
ਹਾਂ, ਐਪ ਫਿਰ ਵੀ ਕੰਮ ਕਰਦੀ ਰਹੇਗੀ।

**ਕੀ ਮੈਂ ਹੁਣ ਵੀ ਐਪ ਵਿੱਚ ਇਨਾਮਾਂ ਲਈ ਪੁਆਇੰਟ ਕਮਾ ਸਕਦਾ/ਸਕਦੀ ਹਾਂ?**
ਹਾਂ, ਤੁਸੀਂ ਹੁਣ ਵੀ ਇਨਾਮਾਂ ਲਈ ਪੁਆਇੰਟ ਕਮਾ ਅਤੇ ਰਿਡੀਮ ਕਰ ਸਕਦੇ ਹੋ।

**ਕੀ ਮੈਂ ਹੁਣ ਵੀ ਐਪ ਵਿੱਚ ਜੇਤੂ ਟਿਕਟਾਂ ਨੂੰ ਚੈੱਕ ਕਰ ਸਕਦਾ/ਸਕਦੀ ਹਾਂ?**
ਹਾਂ, ਤੁਸੀਂ ਹੁਣ ਵੀ WA Lottery (ਲਾਟਰੀ) ਮੋਬਾਈਲ ਐਪ ਦੀ ਵਰਤੋਂ ਕਰਦਿਆਂ ਟਿਕਟਾਂ ਨੂੰ ਚੈੱਕ ਕਰ ਸਕਦੇ ਹੋ।